# January 19th, 2022
# Level 3 Homework

1. Read the following sheet to your parents every day. Parents sign it with date.
2. Memorize moharni
3. Memorize #'s up to 100

GURMAT CENTER SINCE 1993

9. ਤੁਸੀਂ ਮਨਪ੍ਰੀਤ ਦਾ ਆਪਣੇ ਘਰ ਬਾਰੇ ਲਿਖਿਆ ਇੱਕ ਲੇਖ ਪੜ੍ਹਦੇ ਹੋ।

ਮੇਰਾ ਘਰ ਮੈਨੂੰ ਬਹੁਤ ਪਸੰਦ ਹੈ ਕਿਉਂਕਿ ਇਹ ਸ਼ਹਿਰ ਦੇ ਬਿਲਕੁਲ ਲਾਗੇ ਹੈ। ਜਦੋਂ ਵੀ ਕੋਈ ਚੀਜ਼ ਖ਼੍ਰੀਦਣੀ ਹੋਵੇ ਜਾਂ ਸ਼ਹਿਰ ਵਿੱਚ ਕੋਈ ਹੋਰ ਕੰਮ ਹੋਵੇ ਤਾਂ ਅਸੀਂ ਪੰਜਾਂ ਮਿੰਟਾਂ ਵਿੱਚ ਤੁਰ ਕੇ ਸ਼ਹਿਰ ਪਹੁੰਚ ਜਾਂਦੇ ਹਾਂ। ਐਵੇਂ ਬੱਸਾਂ ਵਿੱਚ ਸਮਾਂ ਅਤੇ ਪੈਸਾ ਖ਼ਰਾਬ ਨਹੀਂ ਹੁੰਦਾ ਅਤੇ ਨਾ ਹੀ ਕਾਰ ਪਾਰਕ ਕਰਨ ਲਈ ਥਾਂ ਟੋਲਣੀ ਪੈਂਦੀ ਹੈ।

ਸਾਡੀ ਸੜਕ 'ਤੇ ਆਮ ਤੌਰ 'ਤੇ ਜੁੜਵੇਂ ਘਰ ਹਨ ਪਰ ਸਾਡਾ ਇੱਕ ਇਕੱਲਾ ਘਰ ਹੈ। ਸਾਡੇ ਘਰ ਦੇ ਦੋਨੋਂ ਬ਼ਗੀਚੇ ਬਹੁਤ ਵੱਡੇ ਹਨ। ਦੋਨੋਂ ਬ਼ਗੀਚਿਆਂ ਵਿੱਚ ਹਰਾ ਘਾਹ ਅਤੇ ਤਰ੍ਹਾਂ ਤਰ੍ਹਾਂ ਦੇ ਫੁੱਲ ਬਹੁਤ ਸੁੰਦਰ ਲਗਦੇ ਹਨ। ਪਿਛਲੇ ਬ਼ਗੀਚੇ ਦੇ ਇੱਕ ਕੋਨੇ ਵਿੱਚ ਅਸੀਂ ਕੁਝ ਸਬਜ਼ੀਆਂ ਬੀਜਦੇ ਹਾਂ।

ਸਾਡੇ ਘਰ ਵਿੱਚ ਚਾਰ ਸੌਣ ਵਾਲੇ ਕਮਰੇ ਹਨ। ਮੇਰਾ ਕਮਰਾ ਸਭ ਤੋਂ ਛੋਟਾ ਹੈ। ਸਭ ਤੋਂ ਵੱਡਾ ਕਮਰਾ



ਮਾਤਾ ਪਿਤਾ ਜੀ ਦਾ ਹੈ। ਇੱਕ ਕਮਰਾ ਮੇਰੇ ਭਰਾ ਦਾ ਹੈ ਅਤੇ ਇੱਕ ਮੇਰੀ ਭੈਣ ਦਾ ਹੈ। ਉੱਤਲੀ ਮੰਜ਼ਲ 'ਤੇ ਹੀ ਇੱਕ ਗ਼ੁਸਲਖ਼ਾਨਾ ਹੈ ਜਿਸ ਵਿੱਚ ਇੱਕ ਬਾਥ, ਟੌਇਲਟ, ਸਿੰਕ ਅਤੇ ਸ਼ਾਵਰ ਹੈ। ਹੇਠਲੀ ਮੰਜ਼ਿਲ 'ਤੇ ਇੱਕ ਵੱਡੀ ਰਸੋਈ, ਇੱਕ ਖਾਣ ਵਾਲਾ ਕਮਰਾ ਅਤੇ ਇੱਕ ਵੱਡਾ ਬੈਠਣ ਵਾਲਾ ਕਮਰਾ ਹੈ। ਰਸੋਈ ਦੇ ਨਾਲ ਇੱਕ ਛੋਟਾ ਜਿਹਾ ਸਟੋਰ ਹੈ ਅਤੇ ਇਸ ਦੇ ਨਾਲ ਹੀ ਇੱਕ ਗ਼ੁਸਲਖ਼ਾਨਾ ਹੈ।

ਰਸੋਈ ਵਿੱਚ ਸਾਮਾਨ ਰੱਖਣ ਲਈ ਚਿੱਟੀਆਂ ਯੂਨਿਟਸ ਲੱਗੀਆਂ ਹੋਈਆਂ ਹਨ। ਭਾਂਡੇ ਅਤੇ ਕੱਪੜੇ ਧੌਣ ਵਾਲੀਆਂ ਮਸ਼ੀਨਾਂ, ਫ਼ਿ੍ਜ, ਮਾਈਕ੍ਰੋਵੇਵ, ਭਾਂਡੇ ਅਤੇ ਕਈ ਹੋਰ ਚੀਜ਼ਾਂ ਰਸੋਈ ਵਿੱਚ ਹਨ। ਖਾਣ ਵਾਲੇ ਕਮਰੇ ਵਿੱਚ ਅੱਠ ਕੁਰਸੀਆਂ ਅਤੇ ਇੱਕ ਵੱਡਾ ਮੇਜ਼ ਹੈ। ਬੈਠਣ ਵਾਲੇ ਕਮਰੇ ਵਿੱਚ ਤਿੰਨ ਸੀਟਾਂ ਵਾਲਾ, ਇੱਕ ਦੋ ਸੀਟਾਂ ਵਾਲਾ ਸੋਫ਼ਾ, ਦੋ ਸੋਫ਼ਿਆਂ ਨਾਲ ਦੀਆਂ ਕੁਰਸੀਆਂ, ਇੱਕ ਮੇਜ਼, ਇੱਕ ਟੈਲੀਵਿਯਨ ਅਤੇ ਇੱਕ ਸ਼ੋ-ਕੇਸ ਹੈ। ਖਾਣ ਵਾਲੇ ਅਤੇ ਬੈਠਣ ਵਾਲੇ ਕਮਰਿਆਂ ਦੀਆਂ ਕੰਧਾਂ 'ਤੇ ਸੁਹਣੀਆਂ ਸੁਹਣੀਆਂ ਤਸਵੀਰਾਂ ਹਨ। ਸਾਰੇ ਘਰ ਵਿੱਚ ਨੀਲੇ ਰੰਗ ਦੀ ਕਾਰਪਿਟ ਪਾਈ ਹੋਈ ਹੈ।

ਸਾਡੇ ਘਰ ਦੇ ਨਾਲ ਇੱਕ ਬਹੁਤ ਵੱਡੀ ਗੈਰਿਜ ਹੈ। ਗੈਰਿਜ ਵਿੱਚ ਪਿਤਾ ਜੀ ਕਾਰ ਖੜੀ ਕਰਦੇ ਹਨ। ਜੋ ਘਰ ਵਿੱਚ ਫ਼ਾਲਤੂ ਸਾਮਾਨ ਹੁੰਦਾ ਹੈ ਉਹ ਸਭ ਅਸੀਂ ਗੈਰਿਜ ਵਿੱਚ ਰੱਖਦੇ ਹਾਂ।

ਸਾਡਾ ਘਰ ਰਿਚਮੰਡ ਸਟਰੀਟ ਵਿੱਚ ਹੈ। ਇਹ ਸੜਕ ਸਟੋਕ ਦੇ ਏਰੀਏ ਵਿੱਚ ਹੈ। ਸਾਡੇ ਘਰ ਦਾ ਪੂਰਾ ਪਤਾ 298 ਰਿਚਮੰਡ ਸਟਰੀਟ, ਸਟੋਕ, ਕਾਵੈਂਟਰੀ ਹੈ।



30640 Blueridge Drive, Abbotsford, BC ■ 604.855.0020 ■ www.gurmatcenter.com

Taking care of our children's future...today!

GURMAT CENTER SINCE 1993

**REMINDERS**

1. Join us every Sunday at Sunday Youth and Family Darbar from 5:30 – 7:00 PM! Arrive between 5:20 – 5:30 PM to collect a ticket for a chance to win prizes.
   - 5:30 - 6:00 PM - Kirtan
   - 6:00 – 6:45 PM - English Katha
   - 6:45 – 7:00 PM - Announcements & Prizes
2. Wear your uniform
3. Be ready in class on time (before 5 pm)
4. Remember to wear your masks!